# ਵੈਰੀਸੇਲਾ (ਚਿਕਨਪੌਕਸ) ਟੀਕਾਕਰਣ ਬਾਰੇ ਪ੍ਰਸ਼ਨ ਅਤੇ ਉੱਤਰ

***Questions & Answers (Q&A) about Varicella (Chickenpox) Vaccination***

**ਪ੍ਰ: ਚਿਕਨਪੌਕਸ ਕੀ ਹੈ?**

ਉ: ਚਿਕਨਪੌਕਸ ਇੱਕ ਬੇਹੱਦ ਲਾਗ ਵਾਲਾ ਰੋਗ ਹੁੰਦਾ ਹੈ ਜੋ ਵੈਰੀਸੇਲਾ-ਜ਼ੋਸਟਰ ਨਾਂ ਦੇ ਵਾਇਰਸ ਨਾਲ ਹੁੰਦਾ ਹੈ। ਸਿਹਤਮੰਦ ਬੱਚਿਆਂ ਵਿੱਚ ਇਹ ਥੋੜ੍ਹੇ ਸਮੇਂ ਲਈ ਹੋਣ ਵਾਲਾ ਇੱਕ ਮਾਮੂਲੀ ਜਿਹਾ ਰੋਗ ਹੈ। ਫਿਰ ਵੀ ਬਾਲਗਾਂ ਵਿੱਚ ਇਸ ਰੋਗ ਦਾ ਜ਼ੋਰ ਵਧੇਰੇ ਹੋ ਸਕਦਾ ਹੈ ਅਤੇ ਉਨ੍ਹਾਂ ਵਿਅਕਤੀਆਂ ਲਈ ਗੰਭੀਰ ਅਤੇ ਘਾਤਕ ਵੀ ਸਿੱਧ ਹੋ ਸਕਦਾ ਹੈ ਜਿਨ੍ਹਾਂ ਦੀ ਰੋਗਾਂ ਨਾਲ ਲੜਨ ਵਾਲੀ ਸ਼ਕਤੀ ਕਮਜ਼ੋਰ ਹੋ ਚੁੱਕੀ ਹੈ। 5000 ਰੋਗੀਆਂ ਵਿਚੋਂ ਇੱਕ ਰੋਗੀ ਨੂੰ ਦਿਮਾਗ਼ ਦੀ ਸੋਜ਼ਿਸ਼ ਦੀ ਸ਼ਿਕਾਇਤ ਹੋ ਸਕਦੀ ਹੈ ਅਤੇ 100,000 ਰੋਗੀਆਂ ਵਿੱਚੋਂ ਤਕਰੀਬਨ ਤਿੰਨ ਰੋਗੀਆਂ ਦੀ ਮੌਤ ਹੋ ਜਾਂਦੀ ਹੈ। ਗਰਭਕਾਲ ਦੌਰਾਨ ਲੱਗਣ ਵਾਲੀ ਛੂਤ ਕਾਰਨ ਬੱਚਾ ਜਮਾਂਦਰੂ ਵਿਗਾੜਾਂ ਦਾ ਸ਼ਿਕਾਰ ਹੋ ਸਕਦਾ ਹੈ।

**ਪ੍ਰ: ਕੀ ਮੇਰੇ ਬੱਚੇ ਦਾ ਟੀਕਾਕਰਣ ਕੀਤਾ ਜਾਣਾ ਚਾਹੀਦਾ ਹੈ?**

ਉ: ਨੈਸ਼ਨਲ ਹੈਲਥ ਐਂਡ ਮੈਡੀਕਲ ਰਿਸਰਚ ਕੌਂਸਲ (NHMRC) ਦੀ ਸਿਫ਼ਾਰਸ਼ ਹੈ ਕਿ ਵੈਰੀਸੇਲਾ ਵੈਕਸੀਨ ਦੀ ਇੱਕ ਖ਼ੁਰਾਕ ਇਨ੍ਹਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ :

- 18 ਮਹੀਨਿਆਂ ਦੀ ਉਮਰ ਦੇ ਸਾਰੇ ਬੱਚੇ, ਜਦ ਤੱਕ ਕਿ ਉਨ੍ਹਾਂ ਨੂੰ ਪਹਿਲਾਂ ਹੀ ਵੈਰੀਸੇਲਾ ਵੈਕਸੀਨ ਦੀ ਖ਼ੁਰਾਕ ਨਹੀਂ ਦਿੱਤੀ ਗਈ ਹੈ ਜਾਂ ਉਨ੍ਹਾਂ ਨੂੰ ਪਹਿਲਾਂ ਕਦੇ ਚਿਕਨਪੌਕਸ ਹੋ ਚੁੱਕੀ ਹੈ।
- 10-13 ਸਾਲ ਉਮਰ ਦੇ ਬੱਚੇ, ਜੇ ਉਨ੍ਹਾਂ ਨੂੰ ਪਹਿਲਾਂ ਹੀ ਵੈਰੀਸੇਲਾ ਵੈਕਸੀਨ ਦੀ ਖ਼ੁਰਾਕ ਨਹੀਂ ਦਿੱਤੀ ਗਈ ਜਾਂ ਉਨ੍ਹਾਂ ਨੂੰ ਪਹਿਲਾਂ ਹੀ ਚਿਕਨਪੌਕਸ ਹੋ ਚੁੱਕੀ ਹੈ।
- ਨਿਊ ਸਾਊਥ ਵੇਲਜ਼ ਵਿ'ਚ ਇਹ ਵੈਕਸੀਨ ਹਾਈ ਸਕੂਲ ਦੇ ਪਹਿਲੇ ਸਾਲ ਵਿੱਚ ਦਿੱਤੀ ਜਾਂਦੀ ਹੈ।

ਜਿਨ੍ਹਾਂ ਬੱਚਿਆਂ ਨੂੰ ਚਿਕਨਪੌਕਸ ਹੋ ਚੁੱਕੀ ਹੈ ਅਤੇ ਉਨ੍ਹਾਂ ਦੀ ਰੋਗ ਪ੍ਰਤੀਰੋਧਕ ਸ਼ਕਤੀ ਬਰਕਰਾਰ ਮੰਨੀ ਜਾਂਦੀ ਹੈ, ਉਨ੍ਹਾਂ ਦੇ ਟੀਕਾਕਰਣ ਦੀ ਜ਼ਰੂਰਤ ਨਹੀਂ ਹੈ।

**ਪ੍ਰ: ਕਿਸ ਨੂੰ ਵੈਰੀਸੇਲਾ ਵੈਕਸੀਨ ਨਹੀਂ ਦਿੱਤੀ ਜਾਣੀ ਚਾਹੀਦੀ?**

ਉ: ਵੈਰੀਸੇਲਾ ਵੈਕਸੀਨ ਇਨ੍ਹਾਂ ਨੂੰਨਹੀਂ ਦਿੱਤੀ ਜਾਣੀ ਚਾਹੀਦੀ :

- ਉਹ ਮਹਿਲਾਵਾਂ ਜੋ ਗਰਭਵਤੀ ਹਨ - ਉਨ੍ਹਾਂ ਨੂੰ ਟੀਕਾਕਰਣ ਦੇ ਇੱਕ ਮਹੀਨਾ ਬਾਅਦ ਤੱਕ ਗਰਭ ਠਹਿਰਨ ਤੋਂ ਬਚਣਾ ਚਾਹੀਦਾ ਹੈ।
- ਉਹ ਵਿਅਕਤੀ ਜਿਨ੍ਹਾਂ ਦੀ ਜੀਵਨ ਪ੍ਰਤੀਰੋਧਕ ਸ਼ਕਤੀ ਕਮਜ਼ੋਰ ਹੋ ਚੁੱਕੀ ਹੈ ਭਾਵ
  - (I) ਏਡਜ਼ ਪੀੜਤ ਵਿਅਕਤੀ
  - (II) ਉਹ ਵਿਅਕਤੀ ਜਿਨ੍ਹਾਂ ਨੇ ਪਿਛਲੇ ਤਿੰਨ ਮਹੀਨਿਆਂ ਦੌਰਾਨ ਸਟੀਰਾਇਡ ਥੈਰਾਪੀ (ਉਚ ਤਾਕਤੀ ਮੂੰਹ ਰਾਹੀਂ ਲੈਣ ਵਾਲੇ ਸਟੀਰਾਇਡਜ਼ ਸਮੇਤ) ਅਤੇ/ਜਾਂ ਇਮਯੂਨੋਸਪਰੈਸਿਵ ਥੈਰਾਪੀ (ਰੇਡੀਏਸ਼ਨ ਸਮੇਤ) ਲੈ ਰਹੇ ਹਨ, ਜਾਂ ਲੈ ਚੁੱਕੇ ਹਨ।
- ਉਹ ਵਿਅਕਤੀ ਜਿਨ੍ਹਾਂ ਨੂੰਵੈਕਸੀਨ ਦੇ ਕਿਸੇ ਤੱਤ ਤੋਂ ਐਨਾਫਿਲੈਕਟਿਕ ਰੀਐਕਸ਼ਨ ਹੋ ਚੁੱਕਾ ਹੈ।
- ਉਹ ਵਿਅਕਤੀ ਜਿਨ੍ਹਾਂ ਨੂੰਪਿਛਲੇ ਤਿੰਨ ਮਹੀਨਿਆਂ ਦੌਰਾਨ ਖ਼ੂਨ ਚੜ੍ਹਾਉਣਾ ਪਿਆ ਹੈ /ਇਮਯੂਨੋਗਲੋਬਿਯੂਲਿਨ ਟੀਕੇ ਲੱਗ ਚੁੱਕੇ ਹਨ।
- ਉਹ ਵਿਅਕਤੀ ਜਿਨ੍ਹਾਂ ਨੂੰਪਿਛਲੇ ਚਾਰ ਹਫ਼ਤਿਆਂ ਦੌਰਾਨ ਕੋਈ ਲਾਈਵ ਵੈਕਸੀਨ ਲੈਣੀ ਪਈ ਹੈ (ਉਦਾਹਰਣ ਵਜੋਂ ਪੀਲਾ ਬੁਖ਼ਾਰ, ਐਮ ਐਮ ਆਰ, ਬੀ ਸੀ ਜੀ ਅਤੇ ਓ ਪੀ ਵੀ)

**ਪ੍ਰ: ਕੀ ਕੀਤਾ ਜਾਵੇ ਜੇ ਮੇਰੇ ਬੱਚੇ ਨੂੰ ਦਮੇ ਦਾ ਰੋਗ ਹੈ ਅਤੇ ਉਹ "ਪਫ਼ਰ" ਰਾਹੀਂ ਕੌਰਟੀਜ਼ੋਨ ਜਾਂ ਪ੍ਰੈਡਨੀਸੋਨ ਲੈਂਦਾ ਹੈ?**

ਉ: ਜੇ ਬੱਚੇ ਦਮਾ ਰੋਗ ਲਈ "ਪਫ਼ਰ" ਦੀ ਵਰਤੋਂ ਕਰਦੇ ਹਨ ਤਾਂ ਵੀ ਦੀਵੈਰੀਸੇਲਾ ਵੈਕਸੀਨ ਦਾ ਟੀਕਾਕਰਣ ਉਨ੍ਹਾਂ ਲਈ ਸੁਰੱਖਿਅਤ ਹੈ।

**ਪ੍ਰ: "ਐਨਾਫਿਲੈਕਸਿਸ" ਕੀ ਹੈ?**

ਉ: "ਐਨਾਫਿਲੈਕਸਿਸ" ਇੱਕ ਬਹੁਤ ਜ਼ਿਆਦਾ ਐਲਰਜਿਕ ਰੀਐਕਸ਼ਨ ਹੈ ਅਤੇ ਜੇ ਇਸ ਦਾ ਤੁਰੰਤ ਇਲਾਜ ਨਾ ਕੀਤਾ ਜਾਵੇ ਤਾਂ ਇਸ ਨਾਲ ਬੇਹੋਸ਼ੀ ਅਤੇ ਮੌਤ ਤੱਕ ਹੋ ਸਕਦੀ ਹੈ। ਟੀਕਾਕਰਣ ਤੋਂ ਬਾਅਦ ਅਜਿਹਾ ਬਹੁਤ ਘੱਟ ਵਾਪਰਦਾ ਹੈ। ਨਰਸਾਂ ਨੂੰ ਐਨਾਫਿਲੈਕਸਿਸ ਦੇ ਇਲਾਜ ਲਈ ਪੂਰੀ ਸਿਖਲਾਈ ਦਿੱਤੀ ਜਾਂਦੀ ਹੈ।

**ਪ੍ਰ: ਵੈਰੀਸੇਲਾ ਵੈਕਸੀਨ ਵਿੱਚ ਕਿਹੜੇ-ਕਿਹੜੇ ਤੱਤ ਹਨ?**

ਉ: ਇਸ ਵੈਕਸੀਨ ਵਿੱਚ ਵੈਰੀਸੇਲਾ ਜ਼ੋਸਟਰ ਵਾਇਰਸ ;ਅਮੀਨੋ ਐਸਿਡ, ਮਨੁੱਖੀ ਐਲਬਿਯੂਮਿਨ, ਲੈਕਟੋਜ਼, ਨਿਊਮਾਇਸਿਨ ਸਲਫੇਟ, ਸਾਰਬਿਟੋਲ ਅਤੇ ਮੈਨਿਟੋਲ (ਇਸ ਵੈਕਸੀਨ ਦੇ ਅਸਰ ਨੂੰ ਸਥਿਰ ਬਣਾਉਣ ਲਈ ਪ੍ਰਯੋਗ ਵਿੱਚ ਲਿਆਂਦੇ ਗਏ) ਸ਼ਾਮਲ ਹਨ।

**ਪ੍ਰ: ਚਿਕਨਪੌਕਸ ਤੋਂ ਬਚਾਅ ਲਈ ਮੇਰੇ ਬੱਚੇ ਨੂੰਵੈਰੀਸੇਲਾ ਵੈਕਸੀਨ ਦੀਆਂ ਕਿੰਨੀਆਂ ਖ਼ੁਰਾਕਾਂ ਲੋੜੀਂਦੀਆਂ ਹਨ?**

ਉ: ਤੇਰਾਂ ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰਰੋਗ ਪ੍ਰਤੀਰੋਧਕ ਸ਼ਕਤੀ ਲਈ ਵੈਰੀਸੇਲਾ ਵੈਕਸੀਨ ਦੇ ਇੱਕ ਟੀਕੇ ਦੀ ਲੋੜ ਹੁੰਦੀ ਹੈ।

**ਪ੍ਰ: ਕੀ ਮੇਰੇ ਬੱਚੇ ਨੂੰ ਇਸ ਵੈਕਸੀਨ ਦੀ ਇੱਕ ਬੂਸਟਰ ਖ਼ੁਰਾਕ ਦੀ ਲੋੜ ਹੋਵੇਗੀ?**

ਉ: ਬੂਸਟਰ ਖ਼ੁਰਾਕਾਂ ਦੀ ਤੁਰੰਤ ਸਿਫ਼ਾਰਸ਼ ਨਹੀਂ ਕੀਤੀ ਜਾਂਦੀ ਹੈ।

**ਪ੍ਰ: ਇਸ ਟੀਕਾਕਰਣ ਦੇ ਮਾੜੇ ਪ੍ਰਭਾਵ ਕੀ ਹਨ?**

ਉ: ਇਸ ਦੇ ਮਾੜੇ ਪ੍ਰਭਾਵ ਮਾਮੂਲੀ ਹਨ ਜਿਵੇਂ ਬੁਖ਼ਾਰ ($39^{o}$ ਸੈਂਟੀਗ੍ਰੇਡ ਤੱਕ) ਅਤੇ ਟੀਕੇ ਵਾਲੀ ਥਾਂ ਉੱਤੇ ਦਰਦ ਅਤੇ ਚਿਕਨਪੌਕਸ ਵਰਗੀ ਛਪਾਕੀ (3-5%) ਟੀਕਾਕਰਣ ਦੇ 5 ਤੋਂ 26 ਦਿਨਾਂ ਤੱਕ ਹੋ ਸਕਦੀ ਹੈ। ਜਦੋਂ ਤੱਕ ਛਪਾਕੀ ਹੋਵੇ, ਉਦੋਂ ਤੱਕ ਗਰਭਵਤੀ ਔਰਤਾਂ ਤੇ ਹੋਰਨਾਂ ਸਾਰੇ ਵਿਅਕਤੀਆਂ ਨਾਲ ਸੰਪਰਕ ਤੋਂ ਬਚਾਅ ਕਰਨਾ ਚਾਹੀਦਾ ਹੈ।

**ਪ੍ਰ: ਮੈਨੂੰ ਕੀ ਕਰਨਾ ਚਾਹੀਦਾ ਹੈ ਜੇ ਮੇਰੇ ਕੋਲ ਕੋਈ ਰਿਕਾਰਡ ਨਾ ਹੋਵੇ ਅਤੇ ਮੈਨੂੰ ਯਾਦ ਨਾ ਆ ਸਕੇ ਕਿ ਮੇਰੇ ਬੱਚੇ ਨੂੰ ਪਹਿਲਾਂ ਚਿਕਨ ਪੌਕਸ ਹੋ ਚੁੱਕੀ ਹੈ ਜਾਂ ਵੈਰੀਸੇਲਾ ਵੈਕਸੀਨ ਉਸ ਦੇ ਪਹਿਲਾਂ ਲੱਗ ਚੁੱਕੀ ਹੈ?**

ਉ: ਬੱਚਿਆਂ ਅਤੇ ਬਾਲਗਾਂ ਨੂੰ ਵੈਰੀਸੇਲਾ ਵੈਕਸੀਨ ਦਿੱਤੀ ਜਾ ਸਕਦੀ ਹੈ ਜੇ ਚਿਕਨ ਪੌਕਸ ਪਹਿਲਾਂ ਹੋਣ ਜਾਂ ਨਾ ਹੋਣ ਬਾਰੇ ਭਰੋਸੇ ਨਾਲ ਕੁੱਝ ਨਾ ਕਿਹਾ ਜਾ ਸਕਦਾ ਹੋਵੇ ਜਾਂ ਇਹ ਸਬੂਤ ਨਾ ਹੋਵੇ ਕਿ ਪਹਿਲਾਂ ਵੈਰੀਸੇਲਾ ਵੈਕਸੀਨ ਲੱਗ ਚੁੱਕੀ ਹੋਵੇ।

**ਪ੍ਰ: ਮੇਰੇ ਬੱਚੇ ਨੂੰ ਛੋਟੇ ਹੁੰਦਿਆਂ ਪਹਿਲਾਂ ਹੀ ਚਿਕਨਪੌਕਸ ਹੋ ਚੁੱਕੀ ਹੈ-ਕੀ ਉਸ ਨੂੰ ਟੀਕਾਕਰਣ ਦੀ ਲੋੜ ਹੈ?**

ਉ: ਨਹੀਂ। ਜੇ ਤੁਹਾਡੇ ਬੱਚੇ ਨੂੰ ਪਹਿਲਾਂ ਚਿਕਨਪੌਕਸ ਹੋ ਚੁੱਕੀ ਹੈ ਤਾਂ ਉਸ ਨੂੰ ਟੀਕਾਕਰਣ ਦੀ ਜ਼ਰੂਰਤ ਨਹੀਂ ਹੈ।

ਪ੍ਰ: ਮੈਂ ਕੀ ਕਰ ਸਕਦਾ/ਸਕਦੀ ਹਾਂ, ਜੇ ਮੈਂ ਆਪਣੇ ਬੱਚੇ ਨੂੰ ਸਕੂਲ ਵਿੱਚ ਇਹ ਟੀਕਾਕਰਣ ਨਾ ਕਰਵਾਉਣਾ ਚਾਹਾਂ ਜਾਂ ਜਿਸ ਦਿਨ ਨਰਸਾਂ ਸਕੂਲ ਆਈਆਂ ਹੋਣ, ਉਸ ਦਿਨ ਜੇ ਮੇਰਾ ਬੱਚਾ ਬਿਮਾਰੀ ਕਾਰਨ ਜਾਂ ਕਿਸੇ ਹੋਰ ਕਾਰਨ ਕਰੇ ਸਕੂਲ ਵਿਚੋਂ ਗ਼ੈਰਹਾਜ਼ਰ ਰਿਹਾ ਹੋਵੇ?
ਉ: ਤੁਸੀਂ ਆਪਣੇ ਬੱਚੇ ਨੂੰ ਮੁਫ਼ਤ ਵੈਰੀਸੈਲਾ ਵੈਕਸੀਨ ਦਿਵਾਉਣ ਲਈ ਆਪਣੇ ਜੀ ਪੀ ਕੋਲ ਲਿਜਾ ਸਕਦੇ ਹੋ।

ਪ੍ਰ: ਕੀ ਇਸ ਮੁਹਿੰਮ ਲਈ ਟੀਕਾਕਰਣ ਲਾਜ਼ਮੀ ਹੈ?
ਉ: ਨਹੀਂ। ਇਹ ਮਾਪਿਆਂ ਦੀ ਮਰਜ਼ੀ ਹੈ ਕਿ ਉਹ ਇਸ ਸਹਿਮਤੀ ਫਾਰਮ ਉਤੇ ਹਸਤਾਖਰ ਕਰਨ ਚਾਹੇ ਨਾ, ਅਤੇ ਆਪਣੇ ਬੱਚੇ ਦਾ ਟੀਕਾਕਰਣ ਨਾ ਕਰਵਾਉਣ। ਸਿਰਫ਼ ਉਨ੍ਹਾਂ ਬੱਚਿਆਂ ਦਾ ਟੀਕਾਕਰਣ ਹੋਵੇਗਾ ਜਿਨ੍ਹਾਂ ਦਾ ਸਹਿਮਤੀ ਫਾਰਮ ਪੂਰੀ ਤਰ੍ਹਾਂ ਭਰਿਆ ਹੋਵੇਗਾ ਅਤੇ ਉਸ ਉਤੇ ਹਸਤਾਖਰ ਕੀਤੇ ਗਏ ਹੋਣਗੇ।

ਫਿਰ ਵੀ, ਸਾਰੇ ਮਾਪਿਆਂ/ਸਰਪ੍ਰਸਤਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇੱਥੇ ਦਿੱਤੀ ਜਾਣਕਾਰੀ ਨੂੰ ਪੜ੍ਹ ਲੈਣ ਅਤੇ ਇਸ ਸਹਿਮਤੀ ਫਾਰਮ, ਹਸਤਾਖਰਾਂ ਨਾਲ ਅਤੇ ਬਿਨਾਂ ਹਸਤਾਖਰਾਂ ਦੇ, ਸਕੂਲ ਨੂੰ ਵਾਪਸ ਭੇਜ ਦੇਣ ਤਾਂ ਜੋ ਅਸੀਂ ਇਹ ਯਕੀਨੀ ਬਣਾ ਸਕੀਏ ਕਿ ਸਾਰੇ *ਮਾਪਿਆਂ/ਸਰਪ੍ਰਸਤਾਂ ਨੇ ਮਾਪਿਆਂ ਨੂੰ ਜਾਣਕਾਰੀ ਵਾਲੀ ਕਿਟ* ਹਾਸਲ ਕਰ ਲਈ ਹੈ ਅਤੇ ਉਨ੍ਹਾਂ ਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦਾ ਮੌਕਾ ਦਿੱਤਾ ਗਿਆ ਹੈ।

ਪ੍ਰ: ਕਲੀਨਿਕ ਵਾਲੇ ਦਿਨ ਸਕੂਲ ਜਾਣ ਲੱਗੇ ਕੀ ਮੈਨੂੰ ਆਪਣੇ ਬੱਚੇ ਨੂੰ ਪੈਰਾਸੀਟਾਮੋਲ ਦੀ ਖ਼ੁਰਾਕ ਦੇਣੀ ਚਾਹੀਦੀ ਹੈ?
ਉ: ਨਹੀਂ। ਇਹ ਜ਼ਰੂਰੀ ਨਹੀਂ ਹੈ।

ਪ੍ਰ: ਕੀ ਹੋਮਿਓਪੈਥਿਕ ਦਵਾਈਆਂ ਹੈਪਾਟਾਈਟਿਸ ਬੀ ਤੋਂ ਬਚਾਅ ਕਰਦੀਆਂ ਹਨ?
ਉ: ਨਹੀਂ। ਅਜਿਹਾ ਕੋਈ ਸਬੂਤ ਮੌਜੂਦ ਨਹੀਂ ਹੈ ਕਿ ਹੋਮਿਓਪੈਥਿਕ ਦਵਾਈਆਂ ਹੈਪਾਟਾਈਟਿਸ ਬੀ ਰੋਗ ਤੋਂ ਰੋਕਥਾਮ ਕਰਦੀਆਂ ਹੋਣ।

ਪ੍ਰ: ਕੀ ਇੱਕ ਅਜਿਹੀ ਮੁਟਿਆਰ ਨੂੰ ਵੈਕਸੀਨ ਦਿੱਤੀ ਜਾਣੀ ਚਾਹੀਦੀ ਹੈ ਜੋ ਇਹ ਸੋਚੇ ਕਿ ਉਹ ਗਰਭਵਤੀ ਹੈ ਅਤੇ ਜਾਂ ਸੱਚਮੁਚ ਹੀ ਗਰਭਵਤੀ ਹੋਵੇ?
ਉ: ਨਹੀਂ, ਜੇ ਕੋਈ ਮੁਟਿਆਰ ਇੰਞ ਸੋਚਦੀ ਹੋਵੇ ਕਿ ਉਹ ਗਰਭਵਤੀ ਹੋਵੇ ਜਾਂ ਸੱਚਮੁਚ ਅਜਿਹਾ ਹੋਵੇ ਤਾਂ ਉਸ ਦਾ ਟੀਕਾਕਰਣ ਨਹੀਂ ਕੀਤਾ ਜਾਣਾ ਚਾਹੀਦਾ।

ਪ੍ਰ: ਕੀ ਮੇਰੇ ਬੱਚੇ ਨੂੰ ਮਿਲਣ ਵਾਲੀਆਂ ਵੈਕਸੀਨੇਸ਼ਨਜ਼ ਦਾ ਕੋਈ ਰਿਕਾਰਡ ਮਿਲੇਗਾ?
ਉ: ਤੁਹਾਡੇ ਬੱਚੇ ਨੂੰ ਪਹਿਲੀ ਖ਼ੁਰਾਕ ਮਗਰੋਂ ਇੱਕ ਰਿਕਾਰਡ ਦਿੱਤਾ ਜਾਵੇਗਾ ਅਤੇ ਦੂਜੀ ਖ਼ੁਰਾਕ ਮਗਰੋਂ ਇੱਕ ਹੋਰ ਰਿਕਾਰਡ ਦਿੱਤਾ ਜਾਵੇਗਾ। ਇਹ ਗੱਲ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਜੀ ਪੀ ਨੂੰ ਸਲਾਹ ਦੇਵੋਂ ਕਿ ਇਹ ਟੀਕਾਕਰਣ ਦਿੱਤੇ ਜਾ ਚੁੱਕੇ ਹਨ, ਕਿਉਂਕਿ ਯੂਨੀਵਰਸਿਟੀਆਂ, ਕਾਲਜਾਂ, ਕੰਮ-ਕਾਰ ਵਾਲੇ ਸਥਾਨਾਂ ਅਤੇ ਹੋਰਨਾਂ ਦੇਸ਼ਾਂ ਨੂੰ ਅਕਸਰ ਇਸ ਜਾਣਕਾਰੀ ਦੀ ਜ਼ਰੂਰਤ ਹੁੰਦੀ ਹੈ।

ਕ੍ਰਿਪਾ ਕਰਕੇ ਇਸ ਰਿਕਾਰਡ ਨੂੰ ਭਵਿੱਖ ਵਿੱਚ ਹਵਾਲੇ ਲਈ ਕਿਸੇ ਸੁਰੱਖਿਅਤ ਥਾਂ ਤੇ ਰੱਖੋ।

ਪ੍ਰ: ਟੀਕਾਕਰਣ ਬਾਰੇ ਹੋਰ ਜਾਣਕਾਰੀ ਮੈਨੂੰ ਕਿਥੋਂ ਮਿਲ ਸਕਦੀ ਹੈ?
ਉ: ਆਸਟਰੇਲੀਅਨ *ਇਮਯੂਨਾਈਜ਼ੇਸ਼ਨ ਹੈਂਡਬੁੱਕ* (ਤਾਜ਼ਾ ਸੰਸਕਰਣ) ਇਸ ਟੀਕਾਕਰਣ ਬਾਰੇ ਵਿਸਥਾਰਪੂਰਬਕ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਇਹ www.immunise.health.gov.au ਤੋਂ ਮਿਲ ਸਕਦੀ ਹੈ।

ਪ੍ਰ: ਮੈਂ ਕਿਸ ਨਾਲ ਸੰਪਰਕ ਕਰਾਂ ਜੇ ਮੈਨੂੰ ਹੋਰ ਜਾਣਕਾਰੀ ਹਾਸਲ ਕਰਨ ਦੀ ਤਾਂਘ ਹੋਵੇ?
ਉ: ਆਪਣੀ ਸਥਾਨਕ ਜਨ ਸਿਹਤ ਇਕਾਈ ਨਾਲ ਇੱਥੇ ਸੰਪਰਕ ਕਰੋ:

**Greater Southern** (ਗ੍ਰੇਟਰ ਸਦਰਨ)
(02) 6124 9942 ਜਾਂ (02) 6021 4799
ਕਿਯੂਨਬੇਯਨ ਦਫ਼ਤਰ — ਅਲਬਰੀ ਦਫ਼ਤਰ

**Greater Western** (ਗ੍ਰੇਟਰ ਵੈਸਟਰਨ)
(02) 6339 5601 ਜਾਂ (02) 6841 5569
ਬਾਥਹਸਟ ਦਫ਼ਤਰ — ਡੁਬੋ ਦਫ਼ਤਰ
(08) 8080 1499
ਬਰੋਕਨ ਹਿਲ ਦਫ਼ਤਰ

**Hunter New England** (ਹੰਟਰ ਅਤੇ ਨਿਊ ਇੰਗਲੈਂਡ)
(02) 4924 6477 ਜਾਂ (02) 6767 8630
ਨਿਊ ਕਾਸਲ ਦਫ਼ਤਰ — ਟੈਮਵਰਥ ਦਫ਼ਤਰ

**North Coast** (ਨਾਰਥ ਕੋਸਟ)
(02) 6588 2750 ਜਾਂ (02) 6620 7500
ਪੋਰਟ ਮਕਵਾਰੀ ਦਫ਼ਤਰ — ਲਿਸਮੋਰ ਦਫ਼ਤਰ

**Northern Sydney & Central Coast**
(ਉਤਰੀ ਸਿਡਨੀ ਅਤੇ ਸੈਂਟਰਲ ਕੋਸਟ)
(02) 9477 9400 ਜਾਂ (02) 4349 4845
ਹੋਰਨਸਬੀ ਦਫ਼ਤਰ — ਗੌਸਫੋਰਡ ਦਫ਼ਤਰ

**South Eastern Sydney & Illawarra**
(ਦੱਖਣੀ ਪੂਰਬੀ ਸਿਡਨੀ ਅਤੇ ਇਲਾਵਾਰਾ)
(02) 9382 8333 ਜਾਂ (02) 4221 6700
ਰੈਂਡਵਿਕ ਦਫ਼ਤਰ — ਵੂਲਨਗੌਂਗ ਦਫ਼ਤਰ

**Sydney South West** (ਦੱਖਣ ਪੱਛਮੀ ਸਿਡਨੀ)
(02) 9828 5944 ਜਾਂ (02) 9515 9420
ਲਿਵਰਪੂਲ ਦਫ਼ਤਰ — ਕੈਂਪਰਡਾਊਨ ਦਫ਼ਤਰ

**Sydney West** (ਪੱਛਮੀ ਸਿਡਨੀ)
(02) 9840 3603 ਜਾਂ (02) 4734 2022
ਪੈਰਾਮਾਟਾ ਦਫ਼ਤਰ — ਪੈਨਰਿਥ ਦਫ਼ਤਰ

**ਜਾਂ ਵੇਖੋ:** www.health.nsw.gov.au

NSW HEALTH

IMMUNISE AUSTRALIA PROGRAM
An Australian, State and Territory Governments initiative

## ਚਿਕਨਪੌਕਸ ਬਾਰੇ ਜਾਣਕਾਰੀ

ਚਿਕਨਪੌਕਸ ਇੱਕ ਬੇਹੱਦ ਛੂਤ ਵਾਲਾ ਵਾਇਰਸ ਹੈ, ਜਿਸ ਨਾਲ ਹਲਕੇ ਦਰਜੇ ਦਾ ਬੁਖ਼ਾਰ ਅਤੇ ਛਪਾਕੀ ਜਿਹੀ ਹੋ ਜਾਂਦੀ ਹੈ। ਇਸ ਵਾਇਰਸ ਨਾਲ ਜੀਵਨ 'ਚ ਬਾਅਦ ਵਿੱਚ ਕੱਚੀ ਧੱਦਰ (ਹਰਪੀਜ਼ ਜ਼ੋਸਟਰ ਵਾਇਰਸ ) ਹੋ ਜਾਂਦੀ ਹੈ।

**5,000** ਰੋਗੀਆਂ ਵਿੱਚੋਂ **1** ਵਿਅਕਤੀ ਵਿੱਚ ਦਿਮਾਗ਼ੀ ਝਿੱਲੀ ਦੀ ਸੋਜ ਹੋ ਜਾਂਦੀ ਹੈ ਅਤੇ ਤਕਰੀਬਨ **100,000** ਵਿਚੋਂ **3** ਰੋਗੀ ਇਸ ਰੋਗ ਨਾਲ ਮਰ ਜਾਂਦੇ ਹਨ।

ਗਰਭਕਾਲ ਦੌਰਾਨ ਹੋਣ ਵਾਲੀ ਇਸ ਛੂਤ ਕਾਰਨ ਬੱਚੇ ਵਿੱਚ ਕਈ ਜਮਾਂਦਰੂ ਰੋਗ ਵੀ ਹੋ ਸਕਦੇ ਹਨ। ਬੱਚੇ ਦੇ ਜਨਮ ਤੋਂ ਠੀਕ ਪਹਿਲਾਂ ਜੇ ਮਾਂ ਨੂੰ ਇਹ ਛੂਤ ਲੱਗ ਜਾਵੇ ਤਾਂ ਹੋ ਸਕਦਾ ਹੈ ਕਿ ਬੱਚਾ ਚਿਕਨਪੌਕਸ ਦੇ ਰੋਗ ਨੂੰ ਲੈ ਕੇ ਪੈਦਾ ਹੋਵੇ।

## ਵੈਰੀਸੇਲਾ ਵੈਕਸੀਨ ਦੇ ਮਾੜੇ ਅਸਰ

ਵੈਰੀਸੇਲਾ ਟੀਕਾਕਰਣ ਮਗਰੋਂ ਹੋਣ ਵਾਲੇ ਮਾੜੇ ਅਸਰ ਸਿਰਫ਼ ਕੁੱਝ ਦਿਨ ਹੀ ਰਹਿੰਦੇ ਹਨ ਅਤੇ ਆਮ ਤੌਰ 'ਤੇ ਮਾਮੂਲੀ ਜਿਹੇ ਹੁੰਦੇ ਹਨ। ਜਿੱਥੇ ਟੀਕਾ ਲੱਗਾ ਹੁੰਦਾ ਹੈ, ਉਸ ਥਾਂ ਤੇ ਥੋੜ੍ਹੀ ਸੋਜ ਆ ਸਕਦੀ ਹੈ ਅਤੇ ਹਲਕਾ ਬੁਖ਼ਾਰ ਵੀ ਹੋ ਸਕਦਾ ਹੈ।

ਜਿਨ੍ਹਾਂ ਦੇ ਟੀਕਾ ਲੱਗਾ ਹੈ ਉਨ੍ਹਾਂ ਵਿਚੋਂ **3- 5** ਫ਼ੀ ਸਦੀ 'ਚ, ਉਨ੍ਹਾਂ ਦੇ ਚਿਕਨਪੌਕਸ ਵਰਗੀ ਹਲਕੀ ਜਿਹੀ ਛਪਾਕੀ ਹੋ ਸਕਦੀ ਹੈ। ਜਿਹੜੇ ਬੱਚਿਆਂ ਦੇ ਇਹ ਛਪਾਕੀ ਵਿਕਸਤ ਹੋ ਜਾਂਦੀ ਹੈ, ਉਨ੍ਹਾਂ ਨੂੰ ਕਮਜ਼ੋਰ ਪ੍ਰਤੀਰੋਧਕ ਸ਼ਕਤੀ ਵਾਲੇ ਵਿਅਕਤੀਆਂ ਅਤੇ ਗਰਭਵਤੀ ਮਹਿਲਾਵਾਂ ਤੋਂ ਬਚਣਾ ਚਾਹੀਦਾ ਹੈ।

ਗੰਭੀਰ ਕਿਸਮ ਦੇ ਮਾੜੇ ਪ੍ਰਭਾਵ (ਜਿਵੇਂ ਕਿ ਐਨਾਫਿਲੈਕਸਿਸ) ਬਹੁਤ ਹੀ ਘੱਟ ਹੁੰਦੇ ਹਨ।

## ਜੇ ਰੀਐਕਸ਼ਨ ਹੋ ਜਾਵੇ ਤਾਂ ਕੀ ਕੀਤਾ ਜਾਵੇ

ਸੋਜ ਵਾਲੀ ਥਾਂ ਤੇ ਇੱਕ ਠੰਢਾ ਗਿੱਲਾ ਕੱਪੜਾ ਦਰਦ ਨੂੰ ਦੂਰ ਕਰਨ ਅਤੇ ਉਸ ਥਾਂ ਨੂੰ ਨਰਮ ਕਰਨ ਵਿੱਚ ਸਹਾਈ ਹੋ ਸਕਦਾ ਹੈ। ਦਰਦ ਲਈ ਪੈਰਾਸੀਟਾਮੋਲ ਦਿੱਤੀ ਜਾ ਸਕਦੀ ਹੈ। ਪੀਣ ਲਈ ਵਾਧੂ ਤਰਲ ਪਦਾਰਥ ਦਿਉ।

ਜੇ ਤੁਹਾਡੇ ਬੱਚੇ ਨੂੰ ਰੀਐਕਸ਼ਨ ਹੋ ਜਾਵੇ ਜਾਂ ਜੇ ਤੁਸੀਂ ਫ਼ਿਕਰਮੰਦ ਹੋਵੋ ਤਾਂ ਕਿਰਪਾ ਕਰਕੇ ਆਪਣੇ ਸਥਾਨਕ ਡਾਕਟਰ ਨਾਲ ਸੰਪਰਕ ਕਰੋ।



# ਵੈਰੀਸੇਲਾ (ਚਿਕਨਪੌਕਸ) ਟੀਕਾਕਰਣ

***Consent for Varicella (Chickenpox) Vaccination***

ਪਿਆਰੇ ਮਾਪੇ/ਸਰਪ੍ਰਸਤ,

ਵੈਰੀਸੇਲਾ ਵੈਕਸੀਨ ਮੁਫ਼ਤ ਦੇਣ ਲਈ ਵਿਸ਼ੇਸ਼ ਤੌਰ ਤੇ ਸਿਖਲਾਈ ਪ੍ਰਾਪਤ ਰਜਿਸਟਰਡ ਨਰਸਾਂ ਤੁਹਾਡੇ ਬੱਚੇ ਦੇ ਸਕੂਲ ਜਾਣਗੀਆਂ।

ਨਿਊ ਸਾਊਥ ਵੇਲਜ਼ ਵਿੱਚ **12** ਸਾਲ ਦੀ ਉਮਰ ਦੇ ਉਨ੍ਹਾਂ ਸਾਰੇ ਬੱਚਿਆਂ ਨੂੰ ਵੈਰੀਸੇਲਾ ਵੈਕਸੀਨ ਦੇਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਪਹਿਲਾਂ ਵੈਕਸੀਨ ਦਿੱਤੀ ਗਈ ਹੁੰਦੀ ਹੈ ਜਾਂ ਜਿਨ੍ਹਾਂ ਨੂੰ ਚਿਕਨਪੌਕਸ ਹੋ ਚੁਕੀ ਹੁੰਦੀ ਹੈ।

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਦਾ ਟੀਕਾਕਰਣ ਹੋਵੇ ਤਾਂ ਕਿਰਪਾ ਕਰਕੇ ਇਸ ਸਹਿਮਤੀ ਫਾਰਮ ਨੂੰ ਪੂਰੀ ਤਰ੍ਹਾਂ ਭਰ ਕੇ ਸਕੂਲੇ ਵਾਪਸ ਭੇਜ ਦੇਵੋ।

ਟੀਕਾਕਰਣ ਵਾਲੇ ਦਿਨ ਨਰਸਾਂ ਤੁਹਾਡੇ ਬੱਚੇ ਦਾ ਨਿਰੀਖਣ ਕਰਨਗੀਆਂ। ਜਿਹੜੇ ਬੱਚਿਆਂ ਨੂੰ ਬੁਖ਼ਾਰ ਨਾਲ ਕੋਈ ਤੀਬਰ ਬਿਮਾਰੀ ਹੋਈ ਹੋਵੇਗੀ, ਉਨ੍ਹਾਂ ਦਾ ਟੀਕਾਕਰਣ ਨਹੀਂ ਕੀਤਾ ਜਾਵੇਗਾ।

ਜੇ ਵੈਰੀਸੇਲਾ ਟੀਕਾਕਰਣ ਬਾਰੇ ਜਾਂ ਇਹ ਫਾਰਮ ਭਰਨ ਸਬੰਧੀ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਆਪਣੀ ਸਥਾਨਕ ਜਨ ਸਿਹਤ ਇਕਾਈ ('*ਮਾਪੇ ਜਾਣਕਾਰੀ ਕਿਟ*' ਵਿੱਚ ਪ੍ਰਸ਼ਨ ਤੇ ਉਤਰ ਵਿੱਚ ਸੂਚੀਬੱਧ) ਨਾਲ ਸੰਪਰਕ ਕਰੋ।

## ਨਿਰਦੇਸ਼ :

ਕ੍ਰਿਪਾ ਕਰਕੇ ਇਸ ਫਾਰਮ ਦੇ ਸਾਰੇ ਸੈਕਸ਼ਨ ਪੂਰੀ ਤਰ੍ਹਾਂ ਨੀਲੇ/ਕਾਲੇ ਪੈਨ ਨਾਲ ਭਰੋ।

ਇਸ ਫਾਰਮ ਦੀਆਂ ਫੋਟੋਕਾਪੀਆਂ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ।

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਦਾ ਟੀਕਾਕਰਣ ਕੀਤਾ ਜਾਵੇ ਤਾਂ ਇਸ ਫਾਰਮ ਦੇ ਸਾਰੇ ਸੈਕਸ਼ਨ ਪੂਰੀ ਤਰ੍ਹਾਂ ਭਰ ਕੇ ਇੱਕ ਹਫ਼ਤੇ ਦੇ ਅੰਦਰ ਸਕੂਲ ਨੂੰ ਵਾਪਸ ਭੇਜ ਦਿਓ।

ਜੇ ਤੁਸੀਂ ਆਪਣੇ ਬੱਚੇ ਦਾ ਟੀਕਾਕਰਣ ਕਰਵਾਉਣ ਦੇ ਇੱਛੁਕ ਨਹੀਂ ਹੋ ਤਾਂ ਇਹ ਫਾਰਮ ਵਾਪਸ ਨਾ ਭੇਜੋ।

IMMUNISE AUSTRALIA PROGRAM
An Australian, State and Territory Governments initiative

NSW HEALTH

February 2006

# ਵੈਰੀਸੇਲਾ (ਚਿਕਨਪੌਕਸ) ਟੀਕਾਕਰਣ ਸਹਿਮਤੀ ਫਾਰਮ

***Varicella (Chickenpox) Vaccination Consent Form***

## ਮਾਪਿਆਂ/ਸਰਪ੍ਰਸਤਾਂ ਨੇ ਭਰਨਾ ਹੈ

| | | | |
|---|---|---|---|
| ਬੱਚੇ ਦਾ ਸਰਨੇਮ | | | |
| ਬੱਚੇ ਦਾ ਦਿੱਤਾ ਗਿਆ ਨਾਮ | | ਜਨਮ ਮਿਤੀ | |
| ਸਕੂਲ ਦਾ ਨਾਮ | | | |
| ਸਾਲ/ਗ੍ਰੇਡ/ਸ਼੍ਰੇਣੀ | | | |

ਮੈਂ ਵੈਰੀਸੈਲਾ (ਚਿਕਨਪੌਕਸ) ਵੈਕਸੀਨ ਦੇ ਸੰਭਾਵੀ ਮਾੜੇ ਪ੍ਰਭਾਵਾਂ ਬਾਰੇ ਇੱਥੇ ਮੁਹੱਈਆ ਕਰਵਾਈ ਸਾਰੀ ਜਾਣਕਾਰੀ ਪੜ੍ਹ ਅਤੇ ਸਮਝ ਲਈ ਹੈ ਅਤੇ ਮੈਂ ਇਸ ਦੁਆਰਾ ਆਪਣੇ ਬੱਚੇ, ਜਿਸ ਦਾ ਨਾਮ ਉਪਰ ਦਿੱਤਾ ਹੈ, ਦੇ ਟੀਕਾਕਰਣ ਦੀ ਸਹਿਮਤੀ ਦੇ ਦਿੱਤੀ ਹੈ।

ਮੈਂ ਐਲਾਨ ਕਰਦਾ ਹਾਂ ਕਿ ਮੇਰਾ ਪੁੱਤਰ/ਧੀ/ਆਸ਼ਰਿਤ ਨੂੰ :

(ੳ) ਕਿਸੇ ਟੀਕਾਕਰਣ ਨਾਲ ਕੋਈ ਐਨਾਫਿਲੈਕਟਿਕ ਰੀਐਕਸ਼ਨ ਨਹੀਂ ਹੋਇਆ ਹੈ।

(ਅ) ਵੈਰੀਸੇਲਾ ਵੈਕਸੀਨ ਵਿਚਲੇ ਕਿਸੇ ਵੀ ਤੱਤ ਪ੍ਰਤੀ ਕੋਈ ਐਨਾਫਿਲੈਕਟਿਕ ਸੁਖਮਤਾ ਨਹੀਂ ਹੈ (ਜਿਵੇਂ ਕਿ 'ਮਾਪੇ *ਜਾਣਕਾਰੀ ਕਿਟ*' ਦੇ **Q&A** ਵਿੱਚ ਸੂਚੀਬੱਧ ਹੈ)

(ੲ) ਕੋਈ ਅਜਿਹੀ ਬਿਮਾਰੀ ਨਹੀਂ ਹੈ ਜੋ ਰੋਗ ਪ੍ਰਤੀਰੋਧਕ ਸ਼ਕਤੀ ਨੂੰ ਘਟਾਉਂਦੀ ਹੈ (ਲਿਊਕੀਮੀਆ/ਏਡਜ਼)

(ਸ) ਕੋਰਟੀਜ਼ੋਨ/ਪ੍ਰੈਡਨੀਸੋਨ ਦਵਾਈਆਂ ਨਹੀਂ ਦਿੱਤੀਆਂ ਜਾ ਰਹੀਆਂ ਜਾਂ ਉਸ ਦਾ ਇਲਾਜ ਰੇਡੀਏਸ਼ਨ ਸਮੇਤ ਰੋਗ ਪ੍ਰਤੀਰੋਧਕ ਸ਼ਕਤੀ ਖ਼ਤਮ ਕਰਨ ਵਾਲੀ ਥੈਰਾਪੀ ਨਾਲ ਨਹੀਂ ਕੀਤਾ ਜਾ ਰਿਹਾ।

(ਹ) ਐਂਟੀਬਾਇਓਟਿਕ ਨਿਊਮਾਇਸਿਨ ਨਾਲ ਕੋਈ ਐਲਰਜੀ ਨਹੀਂ ਹੈ।

(ਕ) ਪਿਛਲੇ ਤਿੰਨ ਮਹੀਨਿਆਂ ਦੌਰਾਨ ਖੂਨ ਬਦਲੀ ਨਹੀਂ ਕਰਵਾਉਣੀ ਪਈ ਹੈ/ਇਮਯੂਨੋਗਲੋਬਿਯੂਲਿਨ ਇੰਜੈਕਸ਼ਨ ਨਹੀਂ ਲਗਵਾਉਣਾ ਪਿਆ ਹੈ।

(ਖ) ਗਰਭ ਨਹੀਂ ਠਹਿਰਿਆ ਹੈ।

(ਗ) ਪਿਛਲੇ **4** ਹਫ਼ਤਿਆਂ ਦੌਰਾਨ ਕੋਈ ਲਾਈਵ ਵੈਕਸੀਨ ਨਹੀਂ ਦਿੱਤੀ ਗਈ ਹੈ (ਮਿਸਾਲ ਦੇ ਤੌਰ 'ਤੇ ਪੀਲਾ ਬੁਖ਼ਾਰ, **MMR, BCG** ਅਤੇ **OPV**)

| | | | |
|---|---|---|---|
| ਮਾਪੇ/ਸਰਪ੍ਰਸਤ ਦਾ ਨਾਮ | | | |
| ਮਾਪੇ/ਸਰਪ੍ਰਸਤ ਦੇ ਹਸਤਾਖਰ | | | |
| ਘਰ ਦਾ ਪਤਾ | | | |
| ਸਬਅਰਬ | | ਪਸਟਕੋਡ | |
| ਫ਼ੋਨ ਘਰ | | ਕੰਮ | |
| ਮੋਬਾਇਲ | | ਮਿਤੀ | |

**ਕੇਵਲ ਦਫ਼ਤਰੀ ਵਰਤੋਂ ਲਈ** - ਨਰਸ ਨੇ ਭਰਨਾ ਹੈ ਅਤੇ ਇਸ ਸੈਕਸ਼ਨ ਨੂੰ ਸੰਭਾਲ ਕੇ ਰੱਖੋ

| | | | |
|---|---|---|---|
| ਹਸਤਾਖਰ | | ਮੋਹਰ | |
| ਬੈਚ ਨੰਬਰ | | | |
| ਖੱਬੀ ਬਾਂਹ | | ਸੱਜੀ ਬਾਂਹ | |

# ਵੈਰੀਸੇਲਾ (ਚਿਕਨਪੌਕਸ) ਟੀਕਾਕਰਣ ਦਾ ਰਿਕਾਰਡ

***Varicella (Chickenpox) Record of Vaccination***

## ਮਾਪਿਆਂ/ਸਰਪ੍ਰਸਤਾਂ ਨੇ ਭਰਨਾ ਹੈ

| | |
|---|---|
| ਬੱਚੇ ਦਾ ਸਰਨੇਮ | |
| ਬੱਚੇ ਦਾ ਦਿੱਤਾ ਗਿਆ ਨਾਮ | |
| ਸਕੂਲ ਦਾ ਨਾਮ | |

## ਕੇਵਲ ਦਫ਼ਤਰੀ ਵਰਤੋਂ ਲਈ

| | | | |
|---|---|---|---|
| ਖੱਬੀ ਬਾਂਹ | | ਸੱਜੀ ਬਾਂਹ | |
| ਵੈਕਸੀਨ ਬੈਚ ਨੰਬਰ | | | |
| NSW ਸਿਹਤ/ਮਿਤੀ ਮੋਹਰ | | | |
| ਨਰਸ ਦੇ ਹਸਤਾਖਰ | | | |

## ਨਿਰਦੇਸ਼ :

ਜਿਹੜੀਆਂ ਮਹਿਲਾਵਾਂ ਨੇ ਵੈਰੀਸੇਲਾ ਵੈਕਸੀਨ ਲਈ ਹੈ, ਉਨ੍ਹਾਂ ਨੂੰ ਟੀਕਾਕਰਣ ਦੇ 28 ਦਿਨਾਂ ਮਗਰੋਂ ਤੱਕ ਗਰਭ ਧਾਰਨ ਨਹੀਂ ਕਰਨਾ ਚਾਹੀਦਾ।

ਕ੍ਰਿਪਾ ਕਰਕੇ ਇਸ ਵੈਕਸੀਨੇਸ਼ਨ ਦਾ ਰਿਕਾਰਡ ਰੱਖੋ ਕਿਉਂਕਿ ਇਸ ਜਾਣਕਾਰੀ ਦੀ ਬਾਅਦ 'ਚ ਲੋੜ ਪੈ ਸਕਦੀ ਹੈ।

ਆਪਣੇ ਜੀ ਪੀ ਨੂੰ ਇਸ ਵੈਕਸੀਨ ਦੀ ਮਿਤੀ ਦੱਸੋ ਤਾਂ ਜੋ ਤੁਹਾਡੇ ਬੱਚੇ ਦਾ ਰਿਕਾਰਡ ਠੀਕ ਢੰਗ ਨਾਲ ਅਪ-ਟੂ-ਡੇਟ ਰੱਖਿਆ ਜਾ ਸਕੇ।

ਕੇਵਲ ਨਮੂਨਾ
ਕਿਰਪਾ ਕਰਕੇ ਇੱਕ ਅੰਗਰੇਜ਼ੀ ਮਨਜ਼ੂਰੀ ਫਾਰਮ ਭੇਜੋ